ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. .........................
Date .......................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in

**ਹੁਕਮ-**

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ।

ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ 3062-85/ ਐਮ.ਸੀ-4/ਐਮ.ਏ ਮਿਤੀ 23-03-2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ। ਕਰੋਨਾ ਵਾਇਰਸ ਤੋਂ ਬਚਾਅ ਲਈ ਲੋਕਾਂ ਦੀ ਨਿਰੋਈ ਸਿਹਤ ਹੋਣਾ ਜਰੂਰੀ ਹੈ। ਲੋਕਾਂ ਦੀ ਚੰਗੀ ਸਿਹਤ ਲਈ ਇਹ ਜਰੂਰੀ ਹੈ ਕਿ ਉਹਨਾਂ ਨੂੰ ਤਾਜੀਆਂ ਸਬਜੀਆਂ ਅਤੇ ਫੱਲ ਮਿਲਦੇ ਰਹਿਣ। ਇਹ ਦੇਖਣ ਵਿੱਚ ਆਇਆ ਹੈ ਕਿ ਸਬਜੀਆਂ ਅਤੇ ਫੱਲਾਂ ਦੇ ਰੇਟਾਂ ਵਿੱਚ ਇੱਕ-ਸਮਾਨਤਾ ਨਹੀਂ ਹੈ, ਜਿਸ ਕਰਕੇ ਆਮ ਲੋਕਾਂ ਨੂੰ ਦਿਕੱਤ ਆ ਰਹੀ ਹੈ। ਇਸ ਕਰਕੇ ਜਿਲ੍ਹਾ ਪ੍ਰਸ਼ਾਸ਼ਨ ਵੱਲੋ ਇਹ ਫੈਸਲਾ ਲਿਆ ਗਿਆ ਹੈ ਕਿ ਫੱਲਾਂ ਅਤੇ ਸਬਜੀਆਂ ਦੇ ਰੇਟ ਹਰ ਰੋਜ ਜਾਰੀ ਕੀਤੇ ਜਾਇਆ ਕਰਨ। ਅੱਜ ਮਿਤੀ 16-05-2020 ਦੇ ਜਿਹੜੇ ਰੇਹੜੀਆਂ ਅਤੇ ਪ੍ਰਚੂਨ ਤੋਂ ਖਰੀਦੀ ਜਾਣ ਵਾਲੀਆਂ ਸਬਜੀਆਂ/ਫੱਲਾਂ ਦੇ ਵੱਧ ਤੋਂ ਵੱਧ ਰੇਟ ਹੇਠ ਲਿਖੇ ਅਨੁਸਾਰ ਲਿਮਟ ਨਿਰਧਾਰਿਤ ਕੀਤੀ ਜਾਂਦੀ ਹੈ। ਜੇਕਰ ਕੋਈ ਇਸ ਰੇਟ ਤੋਂ ਘੱਟ ਰੇਟ ਤੇ ਵੇਚਣਾ ਚਾਹੇ ਤਾਂ ਇਸ ਤੋਂ ਸਸਤਾ ਵੇਚਿਆ ਜਾ ਸਕਦਾ ਹੈ, ਪਰੰਤੂ ਇਸ ਤੋਂ ਮਹਿੰਗਾ ਸਮਾਨ ਵੇਚਣ ਤੇ ਪੂਰਨ ਪਾਬੰਦੀ ਹੋਵੇਗੀ। ਜੇਕਰ ਕੋਈ ਸਬਜੀ ਵਾਲਾ ਇਸ ਤੋਂ ਵੱਧ ਰੇਟ ਤੇ ਸਬਜੀਆਂ ਜਾਂ ਫੱਲ ਵੇਚਦਾ ਪਾਇਆ ਗਿਆ ਤਾਂ ਉਸਦਾ ਕਰਫਿਊ ਪਾਸ ਜਬਤ ਕਰ ਲਿਆ ਜਾਵੇਗਾ ਅਤੇ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ :-

| ਲੜੀ ਨੰ | ਕਿਸਮ | ਰੇਟ ਪ੍ਰਤੀ ਕਿਲੋ |
|---|---|---|
| 1 | ਪਿਆਜ | 20 ਰੁਪਏ |
| 2 | ਟਮਾਟਰ | 15 ਰੁਪਏ |
| 3 | ਆਲੂ | 25 ਰੁਪਏ |
| 4 | ਗੋਭੀ | 15 ਰੁਪਏ |
| 5 | ਅਦਰਕ | 50 ਰੁਪਏ |
| 6 | ਲਸਣ | 50 ਰੁਪਏ |
| 7 | ਘੀਆ ਲੋਕੀ | 15 ਰੁਪਏ |
| 8 | ਖੀਰਾ | 15 ਰੁਪਏ |
| 9 | ਮਟਰ | 40 ਰੁਪਏ |
| 10 | ਮਿਰਚ | 20 ਰੁਪਏ |
| 11 | ਨਿੰਬੂ | 40 ਰੁਪਏ |
| 12 | ਬੰਦ ਗੋਭੀ | 15 ਰੁਪਏ |

| ਲੜੀ ਨੰ | ਕਿਸਮ | ਰੇਟ ਪ੍ਰਤੀ ਕਿਲੋ |
|---|---|---|
| 13 | ਕੇਲਾ | 60 ਰੁਪਏ ਦਰਜਨ |
| 14 | ਪਪੀਤਾ | 30 ਰੁਪਏ |
| 15 | ਅੰਗੂਰ | 60 ਰੁਪਏ |
| 16 | ਸੇਬ | 100 ਰੁਪਏ |
| 17 | ਅੰਬ | 75 ਰੁਪਏ |
| 18 | ਖਰਬੂਜਾ | 20 ਰੁਪਏ |
| 19 | ਤਰਬੂਜ | 15 ਰੁਪਏ |
| 20 | ਬੈਂਗਣ | 20 ਰੁਪਏ |
| 21 | ਭਿੰਡੀ | 30 ਰੁਪਏ |
| 22 | ਮੂਲੀ | 15 ਰੁਪਏ |
| 23 | ਹਲਵਾ ਕੱਦੂ | 15 ਰੁਪਏ |
| 24 | ਧਨੀਆ | 30 ਰੁਪਏ |
| 25 | ਖੀਰਾ(ਪੋਲੀਹਾਊਸ) | 40 ਰੁਪਏ |
| 26 | ਸ਼ਿਮਲਾ (ਲਾਲ-ਪੀਲੀ) | 60 ਰੁਪਏ |

ਜਿਲ੍ਹਾ ਮੈਜਿਸਟਰੇਟ ਜਲੰਧਰ

ਜਿਲ੍ਹਾ ਮੈਜਿਸਟਰੇਟ
ਜਲੰਧਰ।

ਪਿੱਠ ਅੰਕਣ ਨੰ 8860-8870 /ਐਮ.ਸੀ-4/ਐਮ.ਏ ਮਿਤੀ-16.05.2020

ਇਸ ਦਾ ਇੱਕ ਉਤਾਰਾ:-

1. ਕਮਿਸ਼ਨਰ ਜਲੰਧਰ ਮੰਡਲ, ਜਲੰਧਰ
2. ਕਮਿਸ਼ਨਰ ਆਫ ਪੁਲਿਸ, ਜਲੰਧਰ/ਸੀਨੀਅਰ ਪੁਲਿਸ ਕਪਤਾਨ, ਜਲੰਧਰ (ਦਿਹਾਤੀ)
3. ਜਿਲ੍ਹਾ ਮੰਡੀ ਅਫਸਰ, ਜਲੰਧਰ
4. ਜਿਲ੍ਹਾ ਲੋਕ ਸੰਪਰਕ ਅਫਸਰ, ਜਲੰਧਰ
5. ਸਮੂਹ ਉਪ ਮੰਡਲ ਮੈਜਿਸਟਰੇਟ ਜਿਲ੍ਹਾ ਜਲੰਧਰ

ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਾ. ਜਿਲ੍ਹਾ ਮੈਜਿਸਟਰੇਟ
ਜਲੰਧਰ।